ਮਿੱਠੇ ਬੱਚੇ:- "ਮਿੱਠੇ ਬੱਚੇ ਤੁਹਾਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਦੁੱਖ ਹਰਨ ਵਾਲਾ ਬਾਬਾ ਸਾਨੂੰ ਸੁੱਖਧਾਮ ਵਿੱਚ ਲੈ ਜਾਣ ਆਇਆ ਹੈ, ਅਸੀਂ ਸ੍ਵਰਗ ਦੇ ਪਰੀਜਾਦੇ ਬਣਨ ਵਾਲੇ ਹਾਂ"

ਪ੍ਰਸ਼ਨ:- ਬੱਚਿਆਂ ਦੀ ਕਿਹੜੀ ਸਥਿਤੀ ਨੂੰ ਵੇਖਦੇ ਹੋਏ ਬਾਪ ਨੂੰ ਚਿੰਤਾ ਨਹੀਂ ਹੁੰਦੀ - ਕਿਓਂ?

ਉੱਤਰ:- ਕੋਈ - ਕੋਈ ਬੱਚੇ ਫਸਟਕਲਾਸ ਖਸ਼ਬੂਦਾਰ ਫੁੱਲ ਹਨ, ਕਿਸੇ ਵਿੱਚ ਜਰਾ ਵੀ ਖੁਸ਼ਬੂ ਨਹੀਂ ਹੈ। ਕਿਸੇ ਦੀ ਅਵਸਥਾ ਬਹੁਤ ਵਧੀਆ ਰਹਿੰਦੀ, ਕਈ ਮਾਇਆ ਦੇ ਤੁਫਾਨਾਂ ਤੋਂ ਹਾਰ ਖਾ ਲੈਂਦੇ, ਇਹ ਸਭ ਵੇਖਦੇ ਹੋਏ ਵੀ ਬਾਪ ਨੂੰ ਚਿੰਤਾ ਨਹੀਂ ਹੁੰਦੀ। ਕਿਉਂਕਿ ਬਾਪ ਜਾਣਦੇ ਹਨ ਕਿ ਇਹ ਸਤਿਯੁਗ ਦੀ ਰਾਜਧਾਨੀ ਸਥਾਪਨ ਹੋ ਰਹੀ ਹੈ। ਫੇਰ ਵੀ ਬਾਪ ਸਿੱਖਿਆ ਦਿੰਦੇ ਹਨ - ਬੱਚੇ ਜਿਨ੍ਹਾਂ ਹੋ ਸਕੇ ਯਾਦ ਵਿੱਚ ਰਹੋ। ਮਾਇਆ ਦੇ ਤੁਫਾਨਾਂ ਤੋਂ ਡਰੋ ਨਹੀਂ।

ਓਮ ਸ਼ਾਂਤੀ। ਮਿੱਠੇ ਤੋਂ ਮਿੱਠਾ ਬੇਹੱਦ ਦਾ ਬਾਪ ਮਿੱਠੇ - ਮਿੱਠੇ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ। ਇਹ ਤਾਂ ਸਮਝਦੇ ਹੋ ਨਾ ਬਹੁਤ ਮਿੱਠਾ-ਮਿੱਠਾ ਬਾਪ ਹੈ। ਫੇਰ ਸਿੱਖਿਆ ਦੇਣ ਵਾਲਾ ਟੀਚਰ ਵੀ ਬਹੁਤ ਮਿੱਠਾ - ਮਿੱਠਾ ਹੈ। ਇੱਥੇ ਤੁਸੀਂ ਜਦੋਂ ਬੈਠਦੇ ਹੋ ਤਾਂ ਇਹ ਯਾਦ ਹੋਣਾ ਚਾਹੀਦਾ ਹੈ ਬਹੁਤ ਮਿੱਠਾ - ਮਿੱਠਾ ਬਾਬਾ ਹੈ, ਉਨ੍ਹਾਂ ਤੋਂ ਸ੍ਵਰਗ ਦਾ ਵਰਸਾ ਮਿਲਣਾ ਹੈ। ਇੱਥੇ ਤਾਂ ਵੈਸ਼ਾਲਿਆ ਵਿੱਚ ਬੈਠੇ ਹੋ। ਕਿੰਨਾ ਮਿੱਠਾ ਬਾਪ ਹੈ। ਉਹ ਖੁਸ਼ੀ ਦਿਲ ਵਿੱਚ ਹੋਣੀ ਚਾਹੀਦੀ ਹੈ। ਬਾਪ ਸਾਨੂੰ ਅੱਧਾਕਲਪ ਸੁੱਖਧਾਮ ਵਿੱਚ ਲੈ ਜਾਣ ਵਾਲਾ ਹੈ। ਦੁੱਖ ਹਰਨ ਵਾਲਾ ਹੈ। ਇੱਕ ਤਾਂ ਅਜਿਹਾ ਬਾਬਾ ਹੈ, ਫੇਰ ਬਾਬਾ ਟੀਚਰ ਵੀ ਬਣਦੇ ਹਨ। ਸਾਨੂੰ ਸਾਰੀ ਸ੍ਰਿਸ਼ਟੀ ਦਾ ਰਾਜ਼ ਸਮਝਾਉਂਦੇ ਹਨ, ਜੋ ਹੋਰ ਕੋਈ ਨਹੀਂ ਸਮਝਾ ਸਕਦੇ। ਇਹ ਚੱਕਰ ਕਿਵੇਂ ਫਿਰਦਾ ਹੈ, 84 ਜਨਮ ਕਿਵੇਂ ਪਾਸ ਹੁੰਦੇ ਹਨ - ਇਹ ਸਾਰਾ ਚਪਟੀ ਵਿੱਚ ਸਮਝਾਉਂਦੇ ਹਨ। ਫੇਰ ਨਾਲ ਵੀ ਲੈ ਜਾਣਗੇ। ਇੱਥੇ ਤਾਂ ਰਹਿਣਾ ਨਹੀਂ ਹੈ। ਸਾਰੀਆਂ ਆਤਮਾਵਾਂ ਨੂੰ ਨਾਲ ਲੈ ਜਾਣਗੇ। ਬਾਕੀ ਥੋੜ੍ਹੇ ਦਿਨ ਹਨ। ਕਿਹਾ ਜਾਂਦਾ ਹੈ ਬਹੁਤ ਗਈ ਥੋੜ੍ਹੀ ਰਹੀ... ਬਾਕੀ ਥੋੜ੍ਹਾ ਸਮਾਂ ਹੈ ਇਸ ਲਈ ਜਲਦੀ - ਜਲਦੀ ਮੈਨੂੰ ਯਾਦ ਕਰੋ ਤਾਂ ਤੁਹਾਡੇ ਜਨਮ- ਜਨਮਾਂਤ੍ਰ ਦੇ ਪਾਪਾਂ ਦਾ ਬੋਝਾ ਜੋ ਜਮਾਂ ਹੈ, ਉਹ ਖ਼ਤਮ ਹੋਵੇ। ਭਾਵੇਂ ਮਾਇਆ ਦੀ ਯੁੱਧ ਚਲਦੀ ਹੈ। ਤੁਸੀਂ ਮੈਨੂੰ ਯਾਦ ਕਰੋਗੇ, ਉਹ ਯਾਦ ਕਰਨ ਤੋਂ ਹਟਾਏਗੀ, ਇਹ ਵੀ ਬਾਬਾ ਦੱਸ ਦਿੰਦੇ ਹਨ, ਇਸ ਲਈ ਕਦੇ ਵਿਚਾਰ ਨਹੀਂ ਕਰਨਾ। ਕਿੰਨੇ ਵੀ ਸੰਕਲਪ - ਵਿਕਲਪ ਤੁਫ਼ਾਨ ਆਉਣ, ਸਾਰੀ ਰਾਤ ਸੰਕਲਪਾਂ ਵਿੱਚ ਨੀਂਦ ਫਿੱਟ ਜਾਵੇ ਤਾਂ ਵੀ ਡਰਨਾ ਨਹੀਂ ਹੈ। ਬਹਾਦੁਰ ਰਹਿਣਾ ਹੈ। ਬਾਬਾ ਕਹਿ ਦਿੰਦੇ ਹਨ ਇਹ ਆਉਣਗੇ ਜ਼ਰੂਰ। ਸੁਪਨੇ ਵੀ ਆਉਣਗੇ, ਇਨ੍ਹਾਂ ਸਭ ਗੱਲਾਂ ਤੋਂ ਡਰਨਾ ਨਹੀਂ ਹੈ। ਯੁੱਧ ਦਾ ਮੈਦਾਨ ਹੈ ਨਾ। ਇਹ ਸਭ ਵਿਨਾਸ਼ ਹੋ ਜਾਣੇ ਹਨ। ਤੁਸੀਂ ਯੁੱਧ ਕਰਦੇ ਹੋ ਮਾਇਆ ਨੂੰ ਜਿੱਤਣ ਦੇ ਲਈ, ਬਾਕੀ ਇਸ ਵਿੱਚ ਕੋਈ ਸਵਾਸ ਆਦਿ ਬੰਦ ਨਹੀਂ ਕਰਨਾ ਹੈ। ਆਤਮਾ ਜਦੋਂ ਸ਼ਰੀਰ ਵਿੱਚ ਹੁੰਦੀ ਹੈ ਤਾਂ ਸਵਾਸ ਚਲਦਾ ਹੈ। ਇਸ ਵਿੱਚ ਸਵਾਸ ਆਦਿ ਬੰਦ ਕਰਨ ਦੀ ਵੀ ਕੋਸ਼ਿਸ਼ ਨਹੀਂ ਕਰਨੀ ਹੈ। ਹਠਯੋਗ ਆਦਿ ਵਿੱਚ ਕਿੰਨੀ ਤਕਲੀਫ਼ ਕਰਦੇ ਹਨ। ਬਾਬਾ ਦਾ ਅਨੁਭਵ ਹੈ। ਥੋੜ੍ਹਾ - ਥੋੜ੍ਹਾ ਸਿੱਖਦੇ ਸਨ, ਪਰੰਤੂ ਫ਼ੁਰਸਤ ਵੀ ਹੋਵੇ ਨਾ। ਜਿਵੇਂ ਅੱਜਕਲ੍ਹ ਤੁਹਾਨੂੰ ਕਹਿੰਦੇ ਹਨ ਗਿਆਨ ਤਾਂ ਚੰਗਾ ਹੈ ਪਰੰਤੂ ਫ਼ੁਰਸਤ ਕਿੱਥੇ, ਇੰਨੇ ਕਾਰਖਾਣੇ ਹਨ, ਇਹ ਹੈ... ਤੁਹਾਨੂੰ ਬਾਪ ਕਹਿੰਦੇ ਹਨ - ਮਿੱਠੇ - ਮਿੱਠੇ ਬੱਚਿਓ, ਇੱਕ ਤਾਂ ਬਾਪ ਨੂੰ ਯਾਦ ਕਰੋ ਅਤੇ ਚੱਕਰ ਯਾਦ ਕਰੋ। ਬਸ, ਕੀ ਇਹ ਡਿਫਿਕਲਟ ਹੈ?

ਸਤਿਯੁਗ ਤ੍ਰੇਤਾ ਵਿੱਚ ਇਨ੍ਹਾਂ ਦਾ ਰਾਜ ਸੀ ਫੇਰ ਇਸਲਾਮੀ, ਬੋਧੀ ਆਦਿ ਦਾ ਵਾਧਾ ਹੁੰਦਾ ਗਿਆ। ਉਹ ਆਪਣੇ ਧਰਮ ਨੂੰ ਭੁੱਲ ਗਏ। ਆਪਣੇ ਨੂੰ ਦੇਵੀ - ਦੇਵਤਾ ਕਹਿ ਨਹੀਂ ਸਕਦੇ ਕਿਉਂਕਿ ਅਪਵਿੱਤਰ ਬਣ ਗਏ। ਦੇਵਤੇ ਤਾਂ ਪਵਿੱਤਰ ਸਨ। ਡਰਾਮਾ ਦੇ ਪਲੈਨ ਅਨੁਸਾਰ ਫੇਰ ਉਹ ਹਿੰਦੂ ਕਹਾਉਣ ਲਗ ਜਾਂਦੇ ਹਨ। ਅਸਲ ਵਿੱਚ ਹਿੰਦੂ ਧਰਮ ਤਾਂ ਹੈ ਨਹੀਂ। ਹਿੰਦੂਸਤਾਨ ਤਾਂ ਨਾਮ ਬਾਦ ਵਿੱਚ ਪਿਆ ਹੈ। ਅਸਲੀ ਨਾਮ ਭਾਰਤ ਹੈ। ਕਹਿੰਦੇ ਹਨ ਭਾਰਤ ਮਾਤਾਵਾਂ ਦੀ ਜੈ। ਹਿੰਦੂਸਤਾਨ ਦੀਆਂ ਮਾਤਾਵਾਂ ਥੋੜ੍ਹੀ ਨਾ ਕਹਿੰਦੇ ਹਨ। ਭਾਰਤ ਵਿੱਚ ਹੀ ਇਨ੍ਹਾਂ ਦੇਵਤਿਆਂ ਦਾ ਰਾਜ ਸੀ। ਭਾਰਤ ਦੀ ਹੀ ਮਹਿਮਾ ਕਰਦੇ ਹਨ। ਤਾਂ ਬਾਪ ਬੱਚਿਆਂ ਨੂੰ ਸਿਖਾ ਰਹੇ ਹਨ, ਬਾਪ ਨੂੰ ਕਿਵੇਂ ਯਾਦ ਕਰਨਾ ਹੈ। ਬਾਪ ਆਏ ਹੀ ਹਨ ਘਰ ਲੈ ਜਾਣ ਦੇ ਲਈ। ਕਿਸਨੂੰ? ਆਤਮਾਵਾਂ ਨੂੰ। ਤੁਸੀਂ ਜਿਨ੍ਹਾਂ ਬਾਪ ਨੂੰ ਯਾਦ ਕਰਦੇ ਹੋ, ਉਨ੍ਹਾ ਤੁਸੀਂ ਪਵਿੱਤਰ ਬਣਦੇ ਹੋ। ਪਵਿੱਤਰ ਬਣਦੇ ਜਾਵੋਗੇ ਤਾਂ ਫੇਰ ਸਜ਼ਾ ਵੀ ਨਹੀਂ ਖਾਓਗੇ। ਜੇਕਰ ਸਜਾਵਾਂ ਖਾਧੀਆਂ ਤਾਂ ਫੇਰ ਪਦ ਘਟ ਹੋ ਜਾਵੇਗਾ ਇਸ ਲਈ ਜਿਨ੍ਹਾਂ ਯਾਦ ਕਰੋਗੇ ਵਿਕਰਮ ਵਿਨਾਸ਼ ਹੁੰਦੇ ਰਹਿਣਗੇ। ਬਹੁਤ ਬੱਚੇ ਹਨ ਜੋ ਯਾਦ ਕਰ ਨਹੀਂ ਸਕਦੇ। ਤੰਗ ਹੋਕੇ ਛੱਡ ਦਿੰਦੇ ਹਨ, ਯੁੱਧ ਕਰਦੇ ਨਹੀਂ ਹਨ। ਅਜਿਹੇ ਵੀ ਹਨ। ਸਮਝਿਆ ਜਾਂਦਾ ਹੈ ਰਾਜਧਾਨੀ ਸਥਾਪਨ ਹੋਣੀ ਹੈ। ਨਾਪਾਸ ਵੀ ਬਹੁਤ ਹੋਣਗੇ। ਗਰੀਬ ਪ੍ਰਜਾ ਵੀ ਚਾਹੀਦੀ ਹੈ ਨਾ। ਭਾਵੇਂ ਉੱਥੇ ਦੁੱਖ ਨਹੀਂ ਹੁੰਦਾ ਹੈ, ਪਰੰਤੂ ਗਰੀਬ ਅਤੇ ਸ਼ਾਹੂਕਾਰ ਤਾਂ ਹਰ ਹਾਲਤ ਵਿੱਚ ਹੋਣਗੇ। ਇਹ ਹੈ ਕਲਯੁਗ, ਇੱਥੇ ਸ਼ਾਹੂਕਾਰ ਵੀ ਗਰੀਬ ਦੋਵੇਂ ਦੁੱਖ ਭੋਗਦੇ ਹਨ। ਉੱਥੇ ਦੋਵੇਂ ਸੁੱਖੀ ਰਹਿੰਦੇ ਹਨ। ਪਰੰਤੂ ਗਰੀਬ ਸ਼ਾਹੂਕਾਰ ਦੀ ਭਾਸਨਾ ਤਾਂ ਰਹੇਗੀ। ਦੁਖੱ ਦਾ ਨਾਮ ਨਹੀਂ ਹੋਵੇਗਾ। ਬਾਕੀ ਨੰਬਰਵਾਰ ਤਾਂ ਹੁੰਦੇ ਹੀ ਹਨ। ਕੋਈ ਰੋਗ ਨਹੀਂ, ਉੱਮਰ ਵੀ ਵੱਡੀ ਹੁੰਦੀ ਹੈ। ਇਸ ਦੁੱਖਧਾਮ ਨੂੰ ਭੁੱਲ ਜਾਂਦੇ ਹਨ। ਸਤਿਯੁਗ ਵਿੱਚ ਤੁਹਾਨੂੰ ਦੁੱਖ ਯਾਦ ਵੀ ਨਹੀਂ ਹੋਵੇਗਾ। ਦੁੱਖਧਾਮ ਅਤੇ ਸੁੱਖਧਾਮ ਦੀ ਯਾਦ ਹੁਣ ਬਾਪ ਕਰਵਾਉਂਦੇ ਹਨ। ਮਨੁੱਖ ਕਹਿੰਦੇ ਹਨ ਸ੍ਵਰਗ ਸੀ ਲੇਕਿਨ ਕਦੋਂ ਸੀ, ਕਿਵੇਂ ਦਾ ਸੀ? ਕੁਝ ਨਹੀਂ ਜਾਣਦੇ। ਲੱਖਾਂ ਸਾਲਾਂ ਦੀ ਗੱਲ ਤਾਂ ਕੋਈ ਵੀ ਯਾਦ ਆ ਨਾ ਸਕੇ। ਬਾਪ ਕਹਿੰਦੇ ਹਨ ਕਲ ਤੁਹਾਨੂੰ ਸੁੱਖ ਸੀ, ਕਲ ਫੇਰ ਹੋਵੇਗਾ। ਤਾਂ ਇੱਥੇ ਬੈਠ ਫੁੱਲਾਂ ਨੂੰ ਵੇਖਦੇ ਹਨ। ਇਹ

ਚੰਗਾ ਫੁੱਲ ਹੈ, ਇਹ ਇਸ ਤਰ੍ਹਾਂ ਦੀ ਮਿਹਨਤ ਕਰਦੇ ਹਨ। ਇਹ ਸਥੇਰੀਅਮ ਨਹੀਂ ਹੈ, ਇਹ ਪਥਰਬੁੱਧੀ ਹੈ। ਬਾਪ ਨੂੰ ਕਿਸੇ ਗੱਲ ਦੀ ਚਿੰਤਾ ਨਹੀਂ ਰਹਿੰਦੀ। ਹਾਂ, ਸਮਝਦੇ ਹਨ ਬੱਚੇ ਜਲਦੀ ਪੜ੍ਹ ਕੇ ਸ਼ਾਹੂਕਾਰ ਹੋ ਜਾਣ, ਪੜ੍ਹਾਉਣਾ ਵੀ ਹੈ। ਬੱਚੇ ਤਾਂ ਬਣੇ ਹਨ ਪਰੰਤੂ ਜਲਦੀ ਪੜ੍ਹ ਕੇ ਹੁਸ਼ਿਆਰ ਹੋਣ ਅਤੇ ਉਹ ਵੀ ਕਿਥੋਂ ਤੱਕ ਪੜ੍ਹਦੇ ਅਤੇ ਪੜ੍ਹਾਉਂਦੇ ਹਨ, ਕਿਵੇਂ ਦੇ ਫੁੱਲ ਹਨ - ਇਹ ਬਾਪ ਬੈਠ ਵੇਖਦੇ ਹਨ ਕਿਉਂਕਿ ਇਹ ਹੈ ਚੇਤੰਨ ਫੁੱਲਾਂ ਦਾ ਬਗੀਚਾ। ਫੁੱਲਾਂ ਨੂੰ ਵੇਖਦੇ ਵੀ ਕਿੰਨੀ ਖੁਸ਼ੀ ਹੁੰਦੀ ਹੈ। ਬੱਚੇ ਖੁਦ ਵੀ ਸਮਝਦੇ ਹਨ ਬਾਬਾ ਸ੍ਵਰਗ ਦਾ ਵਰਸਾ ਦਿੰਦੇ ਹਨ। ਬਾਪ ਨੂੰ ਯਾਦ ਕਰਦੇ ਰਹੋਗੇ ਤਾਂ ਪਾਪ ਕੱਟਦੇ ਜਾਣਗੇ। ਨਹੀਂ ਤਾਂ ਸਜ਼ਾ ਖ਼ਾਕੇ ਫੇਰ ਪਦ ਪਾਉਣਗੇ। ਉਸਨੂੰ ਕਿਹਾ ਜਾਂਦਾ ਹੈ ਮਾਨੀ ਅਤੇ ਮੋਚਰਾ। ਬਾਪ ਨੂੰ ਅਜਿਹਾ ਯਾਦ ਕਰੋ ਜੋ ਜਨਮ - ਜਨਮਾਂਤ੍ਰ ਦੇ ਪਾਪ ਕੱਟ ਜਾਣ। ਚੱਕਰ ਨੂੰ ਜਾਨਣਾ ਵੀ ਹੈ। ਚੱਕਰ ਫਿਰਦਾ ਰਹਿੰਦਾ ਕਦੇ ਬੰਦ ਨਹੀਂ ਹੁੰਦਾ ਜੂੰ ਮਿਸਲ ਚਲਦਾ ਰਹਿੰਦਾ ਹੈ, ਜੂੰ ਸਭ ਤੋਂ ਹੋਲੀ ਚਲਦੀ ਹੈ ਇਹ ਬੇਹੱਦ ਦਾ ਡਰਾਮਾ ਵੀ ਸਭ ਤੋਂ ਹੋਲੀ ਚਲਦਾ ਹੈ। ਟਿੱਕ - ਟਿਕ ਹੁੰਦੀ ਰਹਿੰਦੀ ਹੈ। 5 ਹਜ਼ਾਰ ਵਰ੍ਹੇ ਵਿੱਚ ਸੈਕਿੰਡਸ, ਮਿੰਟ ਕਿੰਨੇ ਹੁੰਦੇ, ਉਹ ਹਿਸਾਬ ਵੀ ਬੱਚਿਆਂ ਨੇ ਕੱਢ ਕੇ ਭੇਜਿਆ ਹੈ। ਲੱਖਾਂ ਵਰ੍ਹਿਆਂ ਦੀ ਗੱਲ ਹੁੰਦੀ ਤਾਂ ਕੋਈ ਵੀ ਹਿਸਾਬ ਕੱਢ ਨਾ ਸਕੇ। ਇੱਥੇ ਬਾਪ ਅਤੇ ਬੱਚੇ ਬੈਠੇ ਹਨ। ਬਾਬਾ ਇੱਕ - ਇੱਕ ਨੂੰ ਬੈਠ ਵੇਖਦੇ ਹਨ - ਇਹ ਬਾਬਾ ਨੂੰ ਕਿੰਨਾ ਯਾਦ ਕਰਦੇ ਹਨ, ਕਿੰਨਾ ਗਿਆਨ ਉਠਾਇਆ ਹੈ, ਦੂਸਰਿਆਂ ਨੂੰ ਕਿੰਨਾ ਸਮਝਾਉਂਦੇ ਹਨ। ਹੈ ਬਹੁਤ ਸਹਿਜ, ਸਿਰ੍ਫ ਬਾਪ ਦਾ ਪਰਿਚੈ ਦੇਵੋ। ਬੈਜ ਤਾਂ ਬੱਚਿਆਂ ਦੇ ਕੋਲ ਹੈ ਹੀ। ਬੋਲੋ, ਇਹ ਹੈ ਸ਼ਿਵਬਾਬਾ। ਕਾਸ਼ੀ ਵਿੱਚ ਜਾਓ ਤਾਂ ਵੀ ਸ਼ਿਵਬਾਬਾ - ਸ਼ਿਵਬਾਬਾ ਕਹਿ ਯਾਦ ਕਰਦੇ, ਰੜੀ ਮਾਰਦੇ ਹਨ। ਤੁਸੀਂ ਹੋ ਸਾਲੀਗ੍ਰਾਮ। ਆਤਮਾ ਬਿਲਕੁਲ ਛੋਟਾ ਸਿਤਾਰਾ ਹੈ, ਉਸ ਵਿੱਚ ਕਿੰਨਾ ਪਾਰਟ ਭਰਿਆ ਹੋਇਆ ਹੈ। ਆਤਮਾ ਘੱਟਦੀ - ਵਧਦੀ ਨਹੀਂ, ਵਿਨਾਸ਼ ਨਹੀਂ ਹੁੰਦੀ। ਆਤਮਾ ਤਾਂ ਅਵਿਨਾਸ਼ੀ ਹੈ, ਉਸ ਵਿੱਚ ਡਰਾਮੇ ਦਾ ਪਾਰਟ ਭਰਿਆ ਹੋਇਆ ਹੈ। ਹੀਰਾ ਸਭਤੋਂ ਮਜ਼ਬੂਤ ਹੁੰਦਾ ਹੈ, ਉਸ ਵਰਗਾ ਸਖ਼ਤ ਪੱਥਰ ਕੋਈ ਹੁੰਦਾ ਨਹੀਂ। ਜੌਹਰੀ ਲੋਕ ਜਾਣਦੇ ਹਨ। ਆਤਮਾ ਦਾ ਵਿਚਾਰ ਕਰੋ ਕਿੰਨੀ ਛੋਟੀ ਹੈ, ਉਸ ਵਿੱਚ ਕਿੰਨਾ ਪਾਰ੍ਰ ਭਰਿਆ ਹੋਇਆ ਹੈ। ਜੋ ਕਦੇ ਵੀ ਘਿਸਦਾ ਨਹੀਂ। ਦੂਸਰੀ ਆਤਮਾ ਹੁੰਦੀ ਨਹੀਂ। ਇਸ ਦੁਨੀਆਂ ਵਿੱਚ ਅਜਿਹਾ ਕੋਈ ਮਨੁੱਖ ਨਹੀਂ ਜਿਸ ਨੂੰ ਬਾਪ ਟੀਚਰ ਸਤਿਗੁਰੂ ਕਹੀਏ। ਇਹ ਇੱਕ ਬੇਹੱਦ ਦਾ ਬਾਪ ਹੈ, ਟੀਚਰ ਹੈ ਸਭ ਨੂੰ ਸਿੱਖਿਆ ਦਿੰਦੇ ਹਨ, ਮਨਮਨਾਭਵ। ਤੁਹਾਨੂੰ ਵੀ ਕਹਿੰਦੇ ਹਨ ਕਿ ਕੋਈ ਧਰਮ ਵਾਲੇ ਮਿਲਣ, ਉਨ੍ਹਾਂ ਨੂੰ ਕਹੋ ਅੱਲ੍ਹਾ ਨੂੰ ਯਾਦ ਕਰਦੇ ਹੋ ਨਾ। ਆਤਮਾਵਾਂ ਸਭ ਭਰਾ - ਭਰਾ ਹਨ। ਹੁਣ ਬਾਪ ਸਿੱਖਿਆ ਦਿੰਦੇ ਹਨ ਕਿ ਮਾਮੇਕਮ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਬਾਪ ਹੀ ਪਤਿਤ - ਪਾਵਨ ਹੈ। ਇਹ ਕਿਸਨੇ ਕਿਹਾ? ਆਤਮਾ ਨੇ। ਮਨੁੱਖ ਭਾਵੇਂ ਗਾਉਂਦੇ ਹਨ ਪ੍ਰੰਤੂ ਅਰਥ ਨਹੀਂ ਸਮਝਦੇ ਹਨ।

ਬਾਪ ਕਹਿੰਦੇ ਹਨ - ਤੁਸੀਂ ਸਭ ਸੀਤਾਵਾਂ ਹੋ। ਮੈਂ ਹਾਂ ਰਾਮ। ਸਾਰੇ ਭਗਤਾਂ ਦਾ ਸਦਗਤੀ ਦਾਤਾ ਮੈਂ ਹਾਂ। ਸਭ ਦੀ ਸਦਗਤੀ ਕਰ ਦਿੰਦੇ ਹਨ। ਬਾਕੀ ਸਭ ਮੁਕਤੀਧਾਮ ਵਿੱਚ ਚਲੇ ਜਾਂਦੇ ਹਨ। ਸਤਿਯੁਗ ਵਿੱਚ ਦੂਸਰਾ ਧਰਮ ਕੋਈ ਹੁੰਦਾ ਨਹੀਂ, ਸਿਰਫ਼ ਅਸੀਂ ਹੀ ਹੁੰਦੇ ਹਾਂ ਕਿਉਂਕਿ ਅਸੀਂ ਹੀ ਬਾਪ ਤੋਂ ਵਰਸਾ ਲੈਂਦੇ ਹਾਂ। ਇੱਥੇ ਤਾਂ ਵੇਖੋ ਕਿੰਨੇ ਢੇਰ ਦੇ ਢੇਰ ਮੰਦਿਰ ਹਨ। ਕਿੰਨੀ ਵੱਡੀ ਦੁਨੀਆਂ ਹੈ, ਕੀ - ਕੀ ਚੀਜਾਂ ਹਨ। ਉੱਥੇ ਇਹ ਕੁਝ ਵੀ ਨਹੀਂ ਹੋਵੇਗਾ। ਸਿਰਫ਼ ਭਾਰਤ ਹੀ ਹੋਵੇਗਾ। ਇਹ ਰੇਲ ਆਦਿ ਵੀ ਨਹੀਂ ਹੋਵੇਗੀ। ਇਹ ਸਭ ਖ਼ਤਮ ਹੋ ਜਾਣਗੇ। ਉਥੇ ਰੇਲ ਦੀ ਲੋੜ ਹੀ ਨਹੀਂ। ਛੋਟਾ ਸ਼ਹਿਰ ਹੋਵੇਗਾ ਤਾਂ ਰੇਲ ਤਾਂ ਚਾਹੀਦੀ ਹੈ ਦੂਰ - ਦੂਰ ਪਿੰਡ ਵਿੱਚ ਜਾਣ ਦੇ ਲਈ। ਬਾਬਾ ਰਿਫਰੇਸ਼ ਕਰ ਰਹੇ ਹਨ, ਵੱਖ - ਵੱਖ ਪੋਆਇੰਟਸ ਸਮਝਾਉਂਦੇ ਰਹਿੰਦੇ ਹਨ ਬੱਚਿਆਂ ਦੇ ਲਈ। ਇੱਥੇ ਬੈਠੇ ਹੋ, ਬੁੱਧੀ ਵਿੱਚ ਸਾਰਾ ਗਿਆਨ ਹੈ। ਜਿਵੇਂ ਪਰਮਪਿਤਾ ਪਰਮਾਤਮਾ ਵਿੱਚ ਸਾਰਾ ਗਿਆਨ ਭਰਿਆ ਹੋਇਆ ਹੈ। ਜੋ ਤੁਹਾਨੂੰ ਸਮਝਾਉਂਦੇ ਰਹਿੰਦੇ ਹਨ। ਉੱਚ ਤੇ ਉੱਚ ਸ਼ਾਂਤੀਧਾਮ ਵਿੱਚ ਰਹਿਣ ਵਾਲਾ ਸ਼ਾਂਤੀ ਦਾ ਸਾਗਰ ਬਾਪ ਹੈ। ਅਸੀਂ ਆਤਮਾਵਾਂ ਵੀ ਉੱਥੇ ਸਵੀਟ ਹੋਮ ਵਿੱਚ ਰਹਿਣ ਵਾਲੀਆਂ ਹਾਂ। ਸ਼ਾਂਤੀ ਦੇ ਲਈ ਮਨੁੱਖ ਕਿੰਨਾ ਮੱਥਾ ਮਾਰਦੇ ਹਨ। ਸਾਧੂ ਲੋਕ ਵੀ ਕਹਿੰਦੇ ਮਨ ਨੂੰ ਸ਼ਾਂਤੀ ਕਿਵੇਂ ਮਿਲੇ। ਕੀ - ਕੀ ਯੁਕਤੀ ਰਚਦੇ ਹਨ ਗਾਇਆ ਜਾਂਦਾ ਹੈ- ਆਤਮਾ ਤੇ ਮਨ ਬੁੱਧੀ ਸਮੇਤ ਹੈ, ਉਨ੍ਹਾਂ ਦਾ ਸਵਧਰਮ ਹੈ ਹੀ ਸ਼ਾਂਤ। ਮੂੰਹ ਹੀ ਨਹੀਂ, ਕਰਮਿੰਦਰੀਆਂ ਹੀ ਨਹੀਂ ਤਾਂ ਜ਼ਰੂਰ ਸ਼ਾਂਤ ਹੀ ਹੋਵੇਗੀ। ਸਾਡਾ ਆਤਮਾਵਾਂ ਦੇ ਰਹਿਣ ਦਾ ਸਥਾਨ ਹੈ ਸਵੀਟ ਹੋਮ, ਜਿੱਥੇ ਬਿਲਕੁਲ ਸ਼ਾਂਤੀ ਰਹਿੰਦੀ ਹੈ। ਫੇਰ ਉਥੋਂ ਪਹਿਲਾਂ ਅਸੀਂ ਆਉਂਦੇ ਹਾਂ ਸੁੱਖਧਾਮ ਵਿੱਚ। ਹੁਣ ਤਾਂ ਇਸ ਦੁੱਖਧਾਮ ਤੋਂ ਟਰਾਂਸਫਰ ਹੁੰਦੇ ਹਾਂ ਸੁੱਖਧਾਮ ਵਿੱਚ। ਬਾਪ ਪਾਵਨ ਬਣਾ ਰਹੇ ਹਨ। ਕਿੰਨੀ ਵੱਡੀ ਦੁਨੀਆਂ ਹੈ। ਇੰਨੇ ਜੰਗਲ ਆਦਿ ਕੁਝ ਵੀ ਉੱਥੇ ਨਹੀਂ ਹੋਣਗੇ। ਇੰਨੀਆਂ ਪਹਾੜੀਆਂ ਆਦਿ ਕੁਝ ਵੀ ਉੱਥੇ ਨਹੀਂ ਹੋਣਗੀਆਂ। ਸਾਡੀ ਰਾਜਧਾਨੀ ਹੋਵੇਗੀ। ਜਿਵੇਂ ਸ੍ਵਰਗ ਦਾ ਛੋਟਾ - ਜਿਹਾ ਮਾਡਲ ਬਣਾਉਂਦੇ ਹਨ ਉਵੇਂ ਛੋਟਾ ਜਿਹਾ ਸ੍ਵਰਗ ਹੋਵੇਗਾ। ਕੀ ਹੋਣਾ ਹੈ। ਵੰਡਰ ਵੇਖੋ। ਕਿੰਨੀ ਵੱਡੀ ਸ੍ਰਿਸ਼ਟੀ ਹੈ, ਇੱਥੇ ਤਾਂ ਸਭ ਆਪਸ ਵਿੱਚ ਲੜ੍ਹਦੇ ਰਹਿੰਦੇ ਹਨ। ਫੇਰ ਇਤਨੀ ਸਾਰੀ ਦੁਨੀਆਂ ਖ਼ਤਮ ਹੋ ਜਾਵੇਗੀ, ਬਾਕੀ ਸਾਡਾ ਰਾਜ ਰਹੇਗਾ। ਇਨ੍ਹਾਂ ਸਭ ਕੁਝ ਖ਼ਤਮ ਹੋ, ਇਹ ਸਭ ਕਿੱਥੇ ਜਾਣਗੇ। ਸਮੁੰਦਰ ਧਰਤੀ ਆਦਿ ਵਿੱਚ ਚਲੇ ਜਾਣਗੇ। ਇਸ ਦਾ ਨਾਮ - ਨਿਸ਼ਾਨ ਵੀ ਨਹੀਂ ਰਹੇਗਾ। ਸਮੁੰਦਰ ਵਿੱਚ ਜੋ ਚੀਜ਼ ਜਾਂਦੀ ਹੈ ਉਹ ਅੰਦਰ - ਅੰਦਰ ਖ਼ਤਮ ਹੋ ਜਾਂਦੀ ਹੈ। ਸਾਗਰ ਹਪ ਕਰ ਲੈਂਦਾ ਹੈ। ਤੱਤਵ ਤੱਤਵ ਵਿੱਚ, ਮਿੱਟੀ ਮਿੱਟੀ ਵਿੱਚ ਮਿਲ ਜਾਂਦੀ ਹੈ। ਫੇਰ ਦੁਨੀਆਂ ਹੀ ਸਤੋਪ੍ਰਧਾਨ ਹੁੰਦੀ ਹੈ। ਉਸ ਨੂੰ ਕਿਹਾ ਜਾਂਦਾ ਹੈ ਨਵੀਂ ਸਤੋਪ੍ਰਧਾਨ ਪ੍ਰਕ੍ਰਿਤੀ। ਤੁਹਾਡੀ ਉੱਥੇ ਕੁਦਰਤੀ ਸੁੰਦਰਤਾ ਰਹਿੰਦੀ ਹੈ। ਲਿਪਸਟਿਕ ਆਦਿ ਕੁਝ ਵੀ ਨਹੀਂ ਲਗਾਉਂਦੇ। ਤਾਂ ਤੁਹਾਨੂੰ ਬੱਚਿਆਂ ਨੂੰ ਖੁਸ਼ ਹੋਣਾ ਚਾਹੀਦਾ ਹੈ। ਤੁਸੀ ਸ੍ਵਰਗ ਦੇ ਪਰੀਜਾਦੇ ਬਣਦੇ ਹੋ।

ਗਿਆਨ ਸ਼ਨਾਨ ਨਹੀਂ ਕਰੋਗੇ ਤਾਂ ਤੁਸੀਂ ਦੇਵਤੇ ਬਣੋਗੇ ਨਹੀਂ। ਹੋਰ ਕੋਈ ਉਪਾਏ ਹੈ ਨਹੀਂ। ਬਾਪ ਤਾਂ ਸਦਾ ਖ਼ੂਬਸੂਰਤ, ਤੁਸੀਂ ਆਤਮਾਵਾਂ ਸਾਂਵਰੀ ਬਣ ਗਈਆਂ ਹੋ। ਮਸ਼ੂਕ ਤਾਂ ਬੜਾ ਸੁੰਦਰ ਮੁਸਾਫ਼ਿਰ ਹੈ ਜੋ ਆਕੇ ਤੁਹਾਨੂੰ ਸੁੰਦਰ ਬਣਾਉਂਦੇ ਹਨ। ਬਾਪ ਕਹਿੰਦੇ ਹਨ ਮੈਂ ਇਨ੍ਹਾਂ ਵਿੱਚ ਪ੍ਰਵੇਸ਼ ਕੀਤਾ ਹੈ। ਮੈਂ ਤਾਂ ਕਦੇ ਸਾਂਵਰਾ ਨਹੀਂ ਬਣਦਾ ਹਾਂ। ਤੁਸੀਂ ਸਾਂਵਰੇ ਤੋਂ ਸੁੰਦਰ ਬਣਦੇ ਹੋ। ਸਦਾ ਸੁੰਦਰ ਤਾਂ ਇੱਕ ਹੀ ਮੁਸਾਫ਼ਿਰ

ਹੈ। ਇਹ ਬਾਬਾ ਸਾਂਵਰਾ ਅਤੇ ਸੁੰਦਰ ਬਣਦੇ ਹਨ। ਤੁਸੀਂ ਸਭ ਨੂੰ ਸੁੰਦਰ ਬਣਾਕੇ ਨਾਲ ਲੈ ਜਾਂਦੇ ਹੋ। ਤੁਸੀਂ ਬੱਚਿਆ ਨੇ ਸੁੰਦਰ ਬਣ ਫੇਰ ਹੋਰ ਸਭ ਨੂੰ ਸੁੰਦਰ ਬਣਾਉਣਾ ਹੈ। ਬਾਪ ਤਾਂ ਸ਼ਾਮ - ਸੁੰਦਰ ਬਣਦੇ ਨਹੀਂ। ਗੀਤਾ ਵਿੱਚ ਭੁੱਲ ਕਰ ਦਿੱਤੀ ਹੈ, ਜੋ ਬਾਪ ਦੇ ਬਦਲੇ ਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ, ਇਸ ਨੂੰ ਕਿਹਾ ਜਾਂਦਾ ਹੈ ਏਕਜ ਭੁੱਲ। ਸਾਰੇ ਵਿਸ਼ਵ ਨੂੰ ਸੁੰਦਰ ਬਨਾਉਣ ਵਾਲਾ ਸ਼ਿਵਬਾਬਾ ਉਨ੍ਹਾਂ ਦੇ ਬਦਲੇ ਜੋ ਸ੍ਵਰਗ ਦਾ ਪਹਿਲਾ ਨੰਬਰ ਸੁੰਦਰ ਬਣਦਾ ਹੈ, ਉਨ੍ਹਾਂ ਦਾ ਨਾਮ ਪਾ ਦਿੱਤਾ ਹੈ, ਇਹ ਕੋਈ ਸਮਝਦੇ ਥੋੜ੍ਹੀ ਨਾ ਹਨ। ਭਾਰਤ ਫੇਰ ਸੁੰਦਰ ਬਣਨ ਵਾਲਾ ਹੈ। ਉਹ ਤਾਂ ਸਮਝਦੇ ਹਨ 40 ਹਜ਼ਾਰ ਵਰ੍ਹਿਆਂ ਬਾਦ ਸ੍ਵਰਗ ਬਣੇਗਾ ਅਤੇ ਤੁਸੀਂ ਦੱਸਦੇ ਹੋ ਸਾਰਾ ਕਲਪ 5 ਹਜ਼ਾਰ ਵਰ੍ਹਿਆਂ ਦਾ ਹੈ। ਤਾਂ ਬਾਪ ਆਤਮਾਵਾਂ ਨਾਲ ਗੱਲ ਕਰਦੇ ਹਨ। ਕਹਿੰਦੇ ਹਨ ਮੈਂ ਅਧਾਕਲਪ ਦਾ ਮਸ਼ੂਕ ਹਾਂ। ਤੁਸੀਂ ਮੈਨੂੰ ਪੁਕਾਰਦੇ ਆਏ ਹੋ - ਹੇ ਪਤਿਤ ਪਾਵਨ ਆਓ, ਆਕੇ ਸਾਨੂੰ ਆਤਮਾਵਾਂ,ਆਸ਼ਿਕਾਂ ਨੂੰ ਪਾਵਨ ਬਣਾਓ। ਤਾਂ ਉਨ੍ਹਾਂ ਦੀ ਮਤ ਤੇ ਚਲਣਾ ਚਾਹੀਦਾ ਹੈ। ਮਿਹਨਤ ਕਰਨੀ ਚਾਹੀਦੀ ਹੈ। ਬਾਬਾ ਇਵੇਂ ਨਹੀਂ ਕਹਿੰਦੇ ਕਿ ਤੁਸੀਂ ਧੰਧਾ ਆਦਿ ਨਹੀਂ ਕਰੋ। ਨਹੀਂ, ਉਹ ਸਭ ਕੁਝ ਕਰਨਾ ਹੈ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ, ਬਾਲ ਬੱਚਿਆਂ ਆਦਿ ਨੂੰ ਸੰਭਾਲਦੇ ਸਿਰ੍ਫ ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ। ਕਿਉਂਕਿ ਮੈਂ ਪਤਿਤ - ਪਾਵਨ ਹਾਂ। ਬੱਚਿਆਂ ਦੀ ਸੰਭਾਲ ਭਾਵੇਂ ਕਰੋ ਬਾਕੀ ਹੋਰ ਬੱਚੇ ਪੈਦਾ ਨਹੀਂ ਕਰੋ। ਨਹੀਂ ਤਾਂ ਉਹ ਯਾਦ ਆਉਂਦੇ ਰਹਿਣਗੇ। ਇਸ ਸਭ ਦੇ ਹੁੰਦੇ ਹੋਏ ਵੀ ਇਨ੍ਹਾਂ ਨੂੰ ਭੁੱਲ ਜਾਣਾ ਹੈ। ਜੋ ਕੁਝ ਤੁਸੀਂ ਵੇਖਦੇ ਹੋ ਉਹ ਸਭ ਖ਼ਤਮ ਹੋ ਜਾਣ ਵਾਲਾ ਹੈ। ਸ਼ਰੀਰ ਖ਼ਤਮ ਹੋ ਜਾਵੇਗਾ। ਬਾਪ ਦੀ ਯਾਦ ਨਾਲ ਆਤਮਾ ਪਵਿੱਤਰ ਬਣ ਜਾਵੇਗੀ ਤਾਂ ਫੇਰ ਸ਼ਰੀਰ ਵੀ ਨਵਾਂ ਮਿਲੇਗਾ। ਇਹ ਹੈ ਬੇਹੱਦ ਦਾ ਸੰਨਿਆਸ। ਬਾਪ ਨਵਾਂ ਘਰ ਬਣਾਉਂਦੇ ਹਨ ਤਾਂ ਫੇਰ ਪੁਰਾਣੇ ਘਰ ਤੋਂ ਦਿਲ ਹਟ ਜਾਂਦੀ ਹੈ। ਸ੍ਵਰਗ ਵਿੱਚ ਕੀ ਨਹੀਂ ਹੋਵੇਗਾ, ਅਪਾਰ ਸੁੱਖ ਹਨ। ਸ੍ਵਰਗ ਤਾਂ ਇੱਥੇ ਹੁੰਦਾ ਹੈ। ਦੇਲਵਾੜਾ ਮੰਦਿਰ ਵੀ ਪੂਰਾ ਯਾਦਗਰ ਹੈ। ਹੇਠਾਂ ਤਪ ਕਰ ਰਹੇ ਹਨ, ਫੇਰ ਸ੍ਵਰਗ ਕਿੱਥੇ ਵਿਖਾਉਣ? ਉਹ ਫੇਰ ਛਤ ਵਿੱਚ ਰੱਖ ਦਿੱਤਾ ਹੈ। ਹੇਠਾਂ ਰਾਜਯੋਗ ਦੀ ਤਪੱਸਿਆ ਕਰ ਰਹੇ ਹਨ ਉੱਪਰ ਰਾਜਪਦ ਖੜ੍ਹਾ ਹੈ। ਕਿੰਨਾ ਵਧੀਆ ਮੰਦਿਰ ਹੈ। ਉੱਪਰ ਹੈ ਅਚਲਘਰ, ਸੋਨੇ ਦੀਆਂ ਮੂਰਤੀਆਂ ਹਨ। ਉਸ ਤੋਂ ਉਪਰ ਹੈ ਫੇਰ ਗੁਰੂ ਸ਼ਿਖਰ। ਗੁਰੂ ਸਭ ਤੋਂ ਉੱਪਰ ਬੈਠਾ ਹੈ। ਉੱਚ ਤੇ ਉੱਚ ਹੈ ਸਤਿਗੁਰੂ। ਫੇਰ ਵਿੱਚਕਾਰ ਵਿਖਾਇਆ ਹੈ ਸ੍ਵਰਗ। ਤਾਂ ਇਹ ਦੇਲਵਾੜਾ ਮੰਦਿਰ ਪੂਰਾ ਯਾਦਗਰ ਹੈ। ਰਾਜਯੋਗ ਤੁਸੀਂ ਸਿੱਖਦੇ ਹੋ ਫੇਰ ਸ੍ਵਰਗ ਇੱਥੇ ਹੋਵੇਗਾ। ਦੇਵਤੇ ਇੱਥੇ ਸਨ ਨਾ। ਪਰੰਤੂ ਉਨ੍ਹਾਂ ਦੇ ਲਈ ਪਾਵਨ ਦੁਨੀਆਂ ਹੁਣ ਬਣ ਰਹੀ ਹੈ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਨ੍ਹਾਂ ਅੱਖਾਂ ਨਾਲ ਸਭ ਕੁਝ ਵੇਖਦੇ ਹੋਏ ਇਸ ਨੂੰ ਭੁੱਲਣ ਦਾ ਅਭਿਆਸ ਕਰਨਾ ਹੈ। ਪੁਰਾਣੇ ਘਰ ਨਾਲ, ਦੁਨੀਆਂ ਨਾਲ ਦਿਲ ਹਟਾ ਲੈਣਾ ਹੈ। ਨਵੇਂ ਘਰ ਨੂੰ ਯਾਦ ਕਰਨਾ ਹੈ।

2. ਗਿਆਨ ਸ਼ਨਾਨ ਕਰ ਸੁੰਦਰ ਪਰੀਜਾਦਾ ਬਣਨਾ ਹੈ। ਜਿਵੇਂ ਬਾਪ ਸੁੰਦਰ ਗੋਰਾ ਮੁਸਾਫ਼ਿਰ ਹੈ, ਇਵੇਂ ਉਨ੍ਹਾਂ ਦੀ ਯਾਦ ਨਾਲ ਇਹ ਆਤਮਾ ਨੂੰ ਸਾਂਵਰੀ ਤੋਂ ਗੋਰਾ ਬਣਾਉਣਾ ਹੈ। ਮਾਇਆ ਦੇ ਯੁੱਧ ਤੋਂ ਡਰਨਾ ਨਹੀਂ ਹੈ, ਵਿਜੇਈ ਬਣ ਕੇ ਵਿਖਾਉਣਾ ਹੈ।

ਵਰਦਾਨ:- ਮਹਾਦਾਨੀ ਬਣ ਫ਼ਰਾਕਦਿਲ ਨਾਲ ਖੁਸ਼ੀ ਦਾ ਖਜ਼ਾਨਾ ਵੰਡਣ ਵਾਲੇ ਮਾਸਟਰ ਰਹਿਮਦਿਲ ਭਵ

ਲੋਕ ਅਲਪਕਾਲ ਦੀ ਖੁਸ਼ੀ ਪ੍ਰਾਪਤ ਕਰਨ ਦੇ ਲਈ ਕਿੰਨਾ ਸਮੇਂ ਅਤੇ ਧਨ ਖ਼ਰਚ ਕਰਦੇ ਹਨ ਫਿਰ ਵੀ ਸੱਚੀ ਖੁਸ਼ੀ ਨਹੀਂ ਮਿਲਦੀ, ਇਵੇਂ ਜਰੂਰਤ ਦੇ ਸਮੇਂ ਤੁਸੀਂ ਆਤਮਾਵਾਂ ਨੂੰ ਮਹਾਦਾਨੀ ਬਣ ਫਰਾਕਦਿਲੀ ਨਾਲ ਖੁਸ਼ੀ ਦਾ ਦਾਨ ਦੇਣਾ ਹੈ। ਇਸਦੇ ਲਈ ਰਹਿਮਦਿਲ ਦਾ ਗੁਣ ਇਮਰਜ਼ ਕਰੋ। ਤੁਹਾਡੇ ਜੜ੍ਹ ਚਿੱਤਰ ਵਰਦਾਨ ਦੇ ਰਹੇ ਹਨ ਤਾਂ ਤੁਸੀਂ ਵੀ ਚੇਤੰਨ ਵਿੱਚ ਰਹਿਮਦਿਲ ਬਣ ਵੰਡਦੇ ਜਾਓ, ਕਿਉਂਕਿ ਪਰਵਸ਼ ਆਤਮਾਵਾਂ ਹਨ। ਕਦੀ ਵੀ ਨਹੀਂ ਸੋਚੋ ਕਿ ਇਹ ਤਾਂ ਸੁਣਨ ਵਾਲੇ ਨਹੀਂ ਹਨ, ਤੁਸੀਂ ਰਹਿਮਦਿਲ ਬਣ ਦਿੰਦੇ ਜਾਓ। ਤੁਹਾਡੀ ਸ਼ੁਭ ਭਾਵਨਾ ਉਹਨਾਂ ਨੂੰ ਫ਼ਲ ਜ਼ਰੂਰ ਦਵੇਗੀ।

ਸਲੋਗਨ:- ਯੋਗ ਦੀ ਸ਼ਕਤੀ ਦਵਾਰਾ ਹਰ ਕਰਮਇੰਦਰੀ ਨੂੰ ਆਡਰ ਵਿੱਚ ਚਲਾਉਣ ਵਾਲੇ ਹੀ ਸਵਰਾਜ ਅਧਿਕਾਰੀ ਹਨ।

******